# ਮੁਆਫ ਕਰਨਾ ਦੋਸਤੋ

ਮੈਂ ਪ੍ਰੋਫੈਸਰ ਭੁੱਲਰ ਲਈ "ਰਹਿਮ ਦੀ ਅਪੀਲ" ਕਰ ਕੇ ਉਸ ਯੋਧੇ ਦਾ ਅਪਮਾਨ ਨਹੀਂ ਕਰਨਾ ਚਾਹਾਂਗਾ ।

ਗਜਿੰਦਰ ਸਿੰਘ, ਦਲ ਖਾਲਸਾ ।

ਕੁੱਝ ਦੇਰ ਪਹਿਲਾਂ ਭਾਰਤ ਦੀ ਰਾਸ਼ਟਰਪਤੀ ਵੱਲੋਂ ਪ੍ਰੋਫੈਸਰ ਭੁੱਲਰ ਦੀ "ਮਰਸੀ ਪੈਟੀਸ਼ਨ" ਰੱਦ ਕਰਨ ਤੋਂ ਬਾਦ ਸਿੱਖ ਹਲਕਿਆਂ ਵਿੱਚ ਇੱਕ ਹਾ ਹਾ ਕਾਰ ਜਿਹੀ ਮੱਚ ਗਈ ਹੈ । ਇਸ ਵਿੱਚ ਕੋਈ ਸ਼ੱਕ ਦੀ ਗੱਲ ਨਹੀ ਕਿ ਇਸ ਗੱਲ ਨਾਲ ਭਾਰਤੀ ਹਕੂਮੱਤ ਦਾ ਸਿੱਖ ਦੁਸ਼ਮਣੀ ਵਾਲਾ ਚੇਹਰਾ, ਪਹਿਲਾਂ ਨਾਲੋਂ ਵੀ ਵਧੇਰੇ ਨੰਗਾ ਹੋ ਗਿਆ ਹੈ । ਸਿੱਖ ਸਿਆਸਤ ਦੀਆਂ ਸਾਰੀਆਂ ਧਿਰਾਂ, ਕੀ ਨਰਮ ਤੇ ਕੀ ਗਰਮ, ਸੱਭ ਕਿਸੇ ਨਾ ਕਿਸੇ ਰੂਪ ਵਿੱਚ ਭਾਰਤੀ ਸਦਰ ਦੇ ਇਸ ਫੈਸਲੇ ਦੇ ਖਿਲਾਫ, ਹੋ ਰਹੀ ਲਾਮਬੰਦੀ ਵਿੱਚ ਆਪੋ ਆਪਣਾ ਹਿੱਸਾ ਪਾ ਰਹੀਆਂ ਨੇ । ਗਰਮ ਖਿਆਲੀ ਜੱਥੇਬੰਦੀਆਂ ਦਾ ਤਾਂ ਸੋਚ ਅਤੇ ਸੰਘਰਸ਼ ਦਾ ਇੱਕ ਰਿਸ਼ਤਾ ਹੈ ਪ੍ਰੋਫੈਸਰ ਭੁੱਲਰ ਨਾਲ, ਪਰ ਅਕਾਲੀ ਦੱਲ ਦੇ ਰਵਾਇਤੀ ਧੜੇ ਵੀ ਸੱਭ ਇੱਕ ਦੂਜੇ ਤੋਂ ਅੱਗੇ ਵੱਧ ਕੇ ਪ੍ਰੋਫੈਸਰ ਭੁੱਲਰ ਦੀ ਰਿਹਾਈ ਲਈ ਯਤਨਸ਼ੀਲ ਲੱਗਦੇ ਹਨ । ਪ੍ਰੋਫੈਸਰ ਭੁੱਲਰ ਦੇ ਪਰਿਵਾਰ ਤੋਂ ਬਿਨ੍ਹਾਂ ਹੋਰ ਕਿਸ ਕਿਸ ਦਾ ਸੱਚਾ ਰਿਸ਼ਤਾ ਹੈ, ਤੇ ਕਿਸ ਲਈ ਇਹ ਸਿਆਸਤ ਹੈ, ਇਹ ਤਾਂ ਵਾਹਿਗੁਰੂ ਜਾਣੇ, ਪਰ ਦੇਸ਼ ਵਿਦੇਸ਼ ਹਰ ਪਾਸੇ ਦੀਆਂ ਸਿੱਖ ਜੱਥੇਬੰਦੀਆਂ ਅੱਜ ਪ੍ਰੋਫੈਸਰ ਭੁੱਲਰ ਦੀ ਰਿਹਾਈ ਦੇ ਕਾਰਜ ਲਈ ਸਰਗਰਮ ਹਨ । ਤੇ ਇਹ ਇੱਕ ਅੱਛੀ ਗੱਲ ਹੈ, ਜੋ ਕਾਫੀ ਦੇਰ ਬਾਦ ਸਿੱਖ ਸਿਆਸਤ ਵਿੱਚ ਦੇਖਣ ਨੂੰ ਮਿਲੀ ਹੈ ।

ਕੁੱਝ ਜੱਥੇਬੰਦੀਆਂ ਲਈ ਇਹ ਸਿਆਸੀ ਲਾਹੇ ਦਾ ਕੰਮ ਭਾਵੇਂ ਸਾਫ ਨਜ਼ਰ ਆਉਂਦਾ ਹੈ, ਪਰ ਪ੍ਰੋਫੈਸਰ ਭੁੱਲਰ ਦੇ ਪਰਿਵਾਰ ਲਈ ਯਕੀਨਨ ਇੱਕ ਜਜ਼ਬਾਤੀ ਵਿਸ਼ਾ ਹੈ । ਇਸ ਲਈ ਮੈਂ ਆਪਣੇ ਦਿੱਲ ਦੀ ਗੱਲ ਕਰਨ ਲਗਿਆਂ ਪ੍ਰੋਫੈਸਰ ਭੁੱਲਰ ਦੇ ਪਰਿਵਾਰ ਤੋਂ ਮੁਆਫੀ ਚਾਹਾਂਗਾ ।

ਜਿੱਥੋਂ ਤੱਕ ਮੈਨੂੰ ਸਮਝ ਹੈ, ਮਰਸੀ ਪੈਟੀਸ਼ਨ ਦਾ ਮਤਲਬ ਰਹਿਮ ਦੀ ਦਰਖਾਸਤ ਹੈ । ਤੇ ਇਹ ਕਾਨੂੰਨੀ ਲੜਾਈ ਖਤਮ ਹੋਣ ਤੋਂ ਬਾਦ ਕੀਤੀ ਜਾਂਦੀ ਹੈ, ਅਦਾਲਤ ਵਿੱਚ ਨਹੀਂ, ਹਕੂਮੱਤ ਸਾਹਮਣੇ, ਮੁਲਕ ਦੇ ਪ੍ਰੈਜ਼ੀਡੈਂਟ ਸਾਹਮਣੇ ।

ਆਪਣੀ ਕੌਮ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੇ ਇੱਕ ਯੋਧੇ ਲਈ, ਇੱਕ ਇਨਕਲਾਬੀ ਲਈ, ਇੱਕ ਜੁਝਾਰੂ ਲਈ, ਉਸ ਸਰਕਾਰ ਤੋਂ "ਰਹਿਮ ਮੰਗਣਾਂ", ਜਿਸ ਦੇ ਖਿਲਾਫ ਉਸ ਨੇ ਸੰਘਰਸ਼ ਕੀਤਾ ਹੋਵੇ, ਹੋਰ ਵੱਡੀ ਮੌਤ ਕੀ ਹੋ ਸਕਦੀ ਹੈ? ਅੱਜ ਸਿੱਖ ਜੱਥੇਬੰਦੀਆਂ, ਖਾਸ ਕਰ ਰਵਾਇਤੀ ਅਕਾਲੀ ਦੱਲਾਂ ਦੇ ਵੱਖ ਵੱਖ ਧੜ੍ਹੇ, ਮਰਸੀ ਪੈਟੀਸ਼ਨ ਦੇ ਲਫਜ਼ਾਂ ਤੋਂ ਵੀ ਅੱਗੇ ਵੱਧ ਕੇ "ਸਜ਼ਾ ਦੀ ਮੁਆਫੀ" ਵਰਗੇ "ਭੀਖ ਮੰਗਣ" ਵਾਲੇ ਲਫਜ਼ਾਂ ਦਾ ਇਸਤੇਮਾਲ ਬੇਝਿਜਕ ਕਰ ਰਹੇ ਹਨ । ਪ੍ਰੋਫੈਸਰ ਭੁੱਲਰ ਦੀ ਜਾਨ, ਉਸ ਦੇ ਪਰਿਵਾਰ ਲਈ

ਹੀ ਨਹੀਂ, ਸਾਰੀ ਕੌਮ ਲਈ ਬਹੁਤ ਕੀਮਤੀ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਜਾਨ ਬਚਾਉਣ ਲਈ ਕੀਮਤ ਕਿੰਨੀ ਤੇ ਕਿਸ ਰੂਪ ਵਿੱਚ ਉਤਾਰਨੀ ਬਣਦੀ ਹੈ ? ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜੁਝਾਰੂ ਯੋਧਿਆਂ ਨੂੰ ਮਾਰਨ ਤੇ ਮਰਵਾਣ ਵਾਲੇ ਵੀ ਜੱਦ ਪ੍ਰੋਫ਼ੈਸਰ ਭੁੱਲਰ ਲਈ "ਰਹਿਮ ਦੀਆਂ" ਅਪੀਲਾਂ ਕਰ ਰਹੇ ਹਨ, ਤੇ ਇਸ ਗੱਲ ਨੂੰ ਲੈ ਕੇ "ਲੋਕ ਲਹਿਰ" ਉਸਾਰਣ ਦੀਆਂ ਗੱਲਾਂ ਕਰ ਰਹੇ ਹਨ, ਤਾਂ ਉਹਨਾਂ ਦਾ ਅਸਲ, ਪਰ ਲੁਕਿਆ ਮਕਸਦ ਕੀ ਹੈ ?

ਮੈਂ ਇਹ ਲਫ਼ਜ਼ ਬਹੁਤ ਸੰਕੋਚ ਨਾਲ ਲਿੱਖ ਰਿਹਾ ਹਾਂ, ਪਰ ਸੱਚੀ ਗੱਲ ਇਹ ਹੈ ਕਿ ਪ੍ਰੋਫ਼ੈਸਰ ਭੁੱਲਰ ਦੀ ਰਿਹਾਈ ਨੂੰ ਲੈ ਕੇ, ਅੱਜ ਸਾਰੀ ਕੌਮ ਤਰਲੇ ਮਾਰਦੀ ਤੇ ਲਿਲਕੜੀਆਂ ਲੈਂਦੀ ਮਹਿਸੂਸ ਹੋ ਰਹੀ ਹੈ, ਤੇ ਇਸ ਨਾਲ ਸਿੱਖ ਕੌਮ ਦੀ ਆਤਮਾ, ਆਤਮਘਾਤ ਕਰਦੀ ਮਹਿਸੂਸ ਹੋ ਰਹੀ ਹੈ। ਸ਼ਾਇਦ ਦਿੱਲੀ ਦੇ ਹਾਕਮਾਂ ਨੇ ਮਰਸੀ ਪੈਟੀਸ਼ਨ ਰੱਦ ਹੀ ਇਸੇ ਲਈ ਕੀਤੀ ਹੈ, ਤੇ ਉਹਨਾਂ ਦਾ ਅਸਲ ਮਕਸਦ ਸਿੱਖ ਕੌਮ ਨੂੰ ਲਿਲਕੜੀਆਂ ਲਈ ਮਜਬੂਰ ਕਰ ਕੇ, ਉਸ ਦੀ ਆਤਮਾ ਦਾ ਘਾਤ ਕਰਨਾ ਹੀ ਹੈ, ਤਾਂ ਜੋ ਮਰੀ ਹੋਈ ਆਤਮਾ ਵਾਲੀ ਸਿੱਖ ਕੌਮ ਮੁੜ੍ਹ ਕਦੇ ਸਿਰ ਉੱਚਾ ਕਰ ਕੇ ਉਹਨਾਂ ਸਾਹਮਣੇ ਗੱਲ ਨਾ ਕਰ ਸਕੇ। ਸਿੱਖਾਂ ਵਿੱਚ ਬੈਠੇ ਦਿੱਲੀ ਦੇ ਹਾਕਮਾਂ ਦੇ ਹਵਾਰੀਆਂ ਦਾ ਇਸ ਆਤਮਾ ਦੇ ਘਾਤ ਨਾਲ ਕੁੱਝ ਹੋਰ ਨਹੀਂ ਵਿਘੜਨ ਲੱਗਾ, ਉਹ ਤਾਂ ਪਹਿਲਾਂ ਹੀ ਗੁਲਾਮ ਸੋਚ ਤੇ ਗਿਰਵੀ ਰੱਖੀ ਆਤਮਾ ਨਾਲ ਸਿਆਸਤ ਕਰ ਰਹੇ ਹਨ, ਪਰ ਸੋਚਣ ਦਾ ਵਿਸ਼ਾ ਉਹਨਾਂ ਲਈ ਹੈ, ਜਿਨ੍ਹਾਂ ਦਾ ਦਾਅਵਾ ਹੈ ਕਿ ਉਹ ਆਜ਼ਾਦ ਸੋਚ ਦੇ ਮਾਲਕ ਹਨ।

ਅਸੀਂ ਘਰ ਬਾਰ ਛੱਡ ਕੇ ਸੰਘਰਸ਼ ਵਿੱਚ ਕੁੱਦੇ ਸਾਂ, ਕੌਮ ਦੀ ਆਜ਼ਾਦੀ ਲਈ, ਕੌਮ ਦੇ ਗਵਾਚੇ ਹੋਣੇ ਮਾਣ ਸਵੈਮਾਣ ਨੂੰ ਮੁੜ੍ਹ ਹਾਸਿਲ ਕਰਨ ਲਈ। ਜੇ ਲੰਮੀਆਂ ਤੇ ਸੋਖ ਨਾਲ ਭਰੀਆਂ ਜ਼ਿੰਦਗੀਆਂ ਦੀ ਖਵਾਹਿਸ਼ ਹੁੰਦੀ ਤਾਂ ਅਸੀਂ ਇਸ ਪਾਸੇ ਤੁਰਨਾ ਹੀ ਕਾਹਨੂੰ ਸੀ। ਸਾਡੇ ਨਾਲ ਦੇ ਪਤਾ ਨਹੀਂ ਕਿੰਨੇ ਹੀ ਵੀਰ ਸ਼ਹੀਦੀਆਂ ਪਾ ਚੁੱਕੇ ਹਨ, ਕੋਈ ਪੁਲਸ ਦੀਆਂ ਗੋਲੀਆਂ ਨਾਲ, ਕੋਈ ਤਸੀਹਾਘਰਾਂ ਦੇ ਤਸੀਹਿਆਂ ਨਾਲ, ਤੇ ਕੋਈ ਫਾਂਸੀ ਦੇ ਰੱਸੇ ਚੁੰਮ ਕੇ ...........। ਸਾਡੇ ਇਹਨਾਂ ਸਾਰੇ ਵੀਰਾਂ ਦੀ ਖਵਾਹਿਸ਼ ਰਹੀ ਹੈ ਕਿ "ਹਮ ਉਜੜੇ, ਪੰਥ ਬਸੇ"। ਇਹ ਠੀਕ ਹੈ ਕਿ ਅੱਜ ਸਾਡੇ ਸੰਘਰਸ਼ ਵਿੱਚ ਉਹ ਪੁਰਾਣਾ ਦੰਮ ਨਹੀਂ ਹੈ, ਲੋਕ ਬਦਲ ਗਏ ਨੇ, ਵਕਤ ਬਦਲ ਗਿਆ ਹੈ, ਆਪਣੇ ਬਦਲ ਗਏ ਨੇ, ਸਾਥੀ ਸਾਥ ਛੱਡ ਗਏ ਨੇ, ਬਹੁਤ ਕੁੱਝ ਐਸਾ ਹੋ ਚੁੱਕਾ ਹੈ, ਜਿਸ ਦੀ ਅਸਾਂ ਉਮੀਦ ਨਹੀਂ ਸੀ ਕੀਤੀ, ਪਰ ਸਰਹੰਦ ਦੀਆਂ ਦੀਵਾਰਾਂ ਨਾਲ ਸਾਡਾ ਰਿਸ਼ਤਾ ਨਹੀਂ ਬਦਲਿਆ। ਹਾਂ, ਸਾਡਾ ਦੁਸ਼ਮਣ ਇਹੀ ਚਾਹੁੰਦਾ ਹੈ ਕਿ ਸਾਡੇ ਇਹ ਇੱਤਹਾਸਿਕ ਰਿਸ਼ਤੇ ਬਦਲ ਜਾਣ। ਅਸੀਂ ਸਰਹੰਦ ਦੀਆਂ ਦੀਵਾਰਾਂ, ਚਮਕੌਰ ਦੀ ਗੜ੍ਹੀ, ਛੋਟੇ ਵੱਡੇ, ਤੇ ਨਵੇਂ ਪੁਰਾਣੇ ਘੱਲੂਘਾਰਿਆਂ ਦੀਆਂ ਗੱਲਾਂ ਜਿੰਨੀਆਂ ਮਰਜ਼ੀ ਕਰ ਲਈਏ, ਵਾਰਾਂ ਪੜ੍ਹ ਲਈਏ, ਆਖੰਡ ਪਾਠ ਰੱਖ ਲਈਏ, ਤਕਰੀਰਾਂ ਕਰ ਲਈਏ, ਪਰ ਸਿਰਫ "ਰਾਮ ਲੀਲਾ" ਦੇ ਵਾਂਗ। ਉਹਨਾਂ ਨਾਲ ਜ਼ਿੰਦਾ ਰਿਸ਼ਤਾ ਸਮਝ

ਕੇ, ਉਹਨਾਂ ਦੇ ਰਸਤੇ ਤੇ ਚੱਲਣ ਦੀ ਗੱਲ ਨਾ ਕਰੀਏ । ਅਸੀਂ ਗੁਰਦਵਾਰੇ ਬਣਾਈਏ, ਉਹਨਾਂ ਤੇ ਸੋਨਾਂ ਲਗਾਈਏ, ਪਰ ਗੁਰੂ ਦੀ ਬਖਸ਼ੀ ਗ਼ੈਰਤ ਭਰੀ ਆਤਮਾ ਦੇ ਸੋਨੇ ਨਾਲ ਸਾਡਾ ਕੋਈ ਨਾਤ੍ਹਾ ਨਾ ਰਹੇ । ਅਸੀਂ ਆਰ ਐਸ ਐਸ ਦੀ ਸੋਚ ਦੀ ਅਧੀਨਗੀ ਵਿੱਚ ਚਲੀਏ, ਜਾਂ ਗਾਂਧੀ ਦੇ ਪੁੱਤ ਬਣ ਕੇ, ਪਰ ਸਿਰ ਸਾਡਾ ਹਮੇਸ਼ਾਂ ਦਿੱਲੀ ਵੱਲ ਝੁਕਿਆ ਰਿਹਾ । ਸਰਹੰਦ ਦੀਆਂ ਦੀਵਾਰਾਂ ਤੋਂ ਅੱਜ ਤੱਕ, ਗੱਲ ਸਿਰਫ ਸਿਰ ਝੁਕਾਣ, ਜਾਂ ਕੱਟਵਾਣ, ਤੇ ਜਾਂ ਫਿਰ ਜ਼ਿੰਦਾ ਨੀਹਾਂ ਵਿੱਚ ਚਿਣੇ ਜਾਣ ਦੀ ਹੈ ।

ਮੈਂ ਇੱਕ ਲੰਮੀ ਚੁੱਪ ਬਾਦ, ਇਹ ਲਫ਼ਜ਼ ਆਪਣੀ ਜਾਂ ਆਪਣੇ ਹਮਸਫਰਾਂ ਦੀ ਬਹਾਦਰੀ ਦੇ ਕਿਸੇ ਦਾਅਵੇ ਲਈ, ਜਾਂ ਦਾਅਵੇ ਨਾਲ, ਨਹੀਂ ਲਿੱਖ ਰਿਹਾ, ਬਹੁਤ ਜ਼ਖਮੀ ਹੋਏ ਹਿਰਦੇ ਨਾਲ ਲਿੱਖ ਰਿਹਾ ਹਾਂ । ਵਾਹਿਗੁਰੂ ਬੇਹਤਰ ਜਾਣਦਾ ਹੈ ਕਿ ਸਾਡਾ ਅੰਤ ਕੀ ਤੇ ਕਿਹੋ ਜਿਹਾ ਹੋਵੇਗਾ, ਪਰ ਅਰਦਾਸ ਹਮੇਸ਼ਾਂ ਇਹੀ ਕਰੀ ਦੀ ਹੈ ਕਿ ਜਿਸ ਰਾਹ ਤੇ ਬੜ੍ਹੇ ਚਾਅ ਤੇ ਮਾਣ ਨਾਲ ਚੱਲੇ ਸਾਂ, ਉਸ ਨਾਲ ਤੋੜ ਨਿਭ ਜਾਵੇ । ਇਹੀ ਅਰਦਾਸ ਸਾਡੀ ਉਹਨਾਂ ਸਾਰੇ ਯੋਧਿਆਂ ਲਈ ਵੀ ਹੈ, ਜਿਹੜੇ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਬੈਠੇ ਸੰਘਰਸ਼ ਨਾਲ ਆਪਣਾ ਰਿਸ਼ਤਾ ਨਿਭਾ ਰਹੇ ਹਨ । ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰੋਫ਼ੈਸਰ ਭੁੱਲਰ ਹੁਰਾਂ ਨਾਲ ਬਹੁਤ ਜ਼ਿਆਦਤੀਆਂ ਹੋਈਆਂ ਹੋਈਆਂ ਹੋਣਗੀਆਂ, ਤੇ ਉਹਨਾਂ ਦੀ ਸਰੀਰਕ ਹਾਲਤ ਵੀ ਚੰਗੀ ਨਹੀਂ ਹੋਵੇਗੀ । ਦੁਸ਼ਮਣ ਤੋਂ ਹੋਰ ਕੋਈ ਆਸ ਰੱਖਣੀ ਵੀ ਨਹੀਂ ਸੀ ਬਣਦੀ । ਪਰ ਸਾਡਾ ਸੰਘਰਸ਼ ਸਰੀਰਾਂ ਦੇ ਸਹਾਰੇ ਲੜਿਆ ਜਾਣ ਵਾਲਾ ਸੰਘਰਸ਼ ਨਹੀਂ ਹੈ, ਇਹ ਸੋਚ ਤੇ ਜਜ਼ਬਿਆਂ ਦੀ ਜੰਗ ਹੈ, ਜੋ ਬਲਵਾਨ ਸਰੀਰ ਨਾਲੋਂ ਜ਼ਿਆਦਾ ਬਲਵਾਨ ਆਤਮਾ ਨੇ ਲੜਨੀ ਹੁੰਦੀ ਹੈ ।

ਜ਼ਿੰਦਗੀ ਦੇ ਸਫਰ ਵਿੱਚ ਕੋਈ ਦੋ ਪੈਰ ਘੱਟ ਤੁਰਿਆ ਜਾਂ ਵੱਧ, ਇਹ ਗੱਲ ਅਹਿਮ ਨਹੀਂ ਹੈ, ਅਹਿਮ ਗੱਲ ਇਹ ਹੈ ਕਿ ਉਹ ਸਿਰ ਉਠਾ ਕੇ ਤੁਰਦਾ ਰਿਹਾ, ਜਾਂ ਝੁਕਾ ਕੇ । ਇੱਕ ਯੋਧਾ ਮੌਤ ਤੋਂ ਬਾਦ ਇਸ ਹਵਾਲੇ ਨਾਲ ਯਾਦ ਰਹਿੰਦਾ ਹੈ ਕਿ ਮੌਤ ਦਾ ਸਹਮਣਾ ਉਸ ਨੇ ਕਿਸ ਤਰ੍ਹਾਂ ਕੀਤਾ । ਵਕਤ ਆ ਪੈਣ ਤੇ ਉਹ ਫਾਂਸੀ ਦੇ ਰੱਸੇ ਵੱਲ, ਮਕਤਲ ਵੱਲ, ਕਤਲਗਾਹ ਵੱਲ ਕਿਸ ਮਟਕ ਤੇ ਸ਼ਾਨ ਨਾਲ ਗਿਆ ।

ਉਰਦੂ ਦੇ ਵੱਡੇ ਸ਼ਾਇਰ ਫੈਜ਼ ਅਹਿਮਦ ਫੈਜ਼ ਦੇ ਇੱਕ ਸ਼ੇਅਰ ਨਾਲ ਆਪਣੀ ਗੱਲ ਖਤਮ ਕਰਦਾ ਹਾਂ …………

ਜਿਸ ਧੱਜ ਸੇ ਕੋਈ ਮਕਤਲ ਮੇ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ ।
ਯਿਹ ਜਾਨ ਤੋ ਆਨੀ ਜਾਨੀ ਹੈ, ਇਸ ਜਾਨ ਕੀ ਕੋਈ ਬਾਤ ਨਹੀਂ ।

ਮੁਆਫ ਕਰਨਾ ਦੋਸਤੋ ਮੈਂ ਪ੍ਰੋਫ਼ੈਸਰ ਭੁੱਲਰ ਲਈ “ਰਹਿਮ ਦੀ ਅਪੀਲ” ਕਰ ਕੇ ਉਸ ਯੋਧੇ ਦਾ ਅਪਮਾਨ ਨਹੀਂ ਕਰਨਾ ਚਾਹਾਂਗਾ ।

………………………………………………………………………………